ਹਕੀਕਤ ਰਾਇ

(ਕ੍ਰਿਤ ਰੰਗਾਰਾਮ)

G-1·56

ਸੰਨ ੧੯੧੫ ਈਃ

ਰਾਇ ਸਾਹਿਬ ਮੁਨਸ਼ੀ ਗੁਲਾਬ ਸਿੰਘ ਐਂਡ ਸਨਜ਼

ਪ੍ਰਿੰਟਰਜ਼, ਪਬਲਿਸ਼ਰਜ਼, ਬੁਕਸੈਲਰਜ਼,

ਮਾਲਕਾਨ ਪੰਜਾਬ ਸੈਂਟਰਲ ਬੁਕਡਿਪੋ ਵ ਮੁਤੀਦ ਆਮ ਪ੍ਰੈਸ

ਨੇ

ਰਾਇ ਬਹਾਦਰ ਲਾਲਾ ਮੋਹਨ ਲਾਲ ਦੇ ਪ੍ਰਬੰਧ ਨਾਲ ਛਪਵਾਇਆ

੧ ਓ ਸਤਿਗੁਰਪ੍ਰਸਾਦਿ ॥

ਅਥ ਹਕੀਕਤਰਾਇ ਕ੍ਰਿਤ ਗੰਗਾਰਾਮ

ਦੋਹਰਾ ॥ ਆਦਿ ਗਣੇਸ਼ ਮਨਾਈਏ ਕਾਰਜ ਹੋਵਨ ਰਾਸ ॥ ਦੁੱਖ ਰਦਨ ਸੁਖ ਸਦਨ ਹੈ ਕਰਤ ਬੁੱਧ ਪ੍ਰਗਾਸ਼ ॥ ਇਕ ਦਿਨ ਦਿਲ ਵਿੱਚ ਹੋ ਰਹੀ ਕਰੀਏ ਏਕ ਉਪਾਇ ॥ ਧਰਮ ਚੀਜ਼ ਅਤਿ ਖ਼ੂਬ ਹੈ ਰਚਿਓ ਹਕੀਕਤਰਾਇ॥ਵੱਸੇ ਵਿੱਚ ਸਲਕੋਟ ਦੇ ਬਾਗਮਲ ਸ਼ਾਹੂਕਾਰ ॥ ਪੁਰੀ ਖੱਤਰੀ ਜ਼ਾਤਦਾ ਕਰਦਾ ਵਣਜ ਵਾਪਾਰ ॥ ਜਰਾ ਅਵਸਥਾ ਹੋਰਹੀ ਹੋਂਦੀ ਨਹੀਂ ਉਲਾਦ ॥ ਗੰਗਾਰਾਮ ਰੱਬ ਓਸਦੀ ਸੁਣ ਲਈ ਜੇ ਫ਼ਰਿਯਾਦ ॥ ਕਬਿੱਤ ॥ ਸੁਣੀ ਰੱਬ ਫ਼ਰਿਯਾਦ ਘਰ ਹੋਈ ਸੀ ਉਲਾਦ ਦਿਲ ਹੋਵਤ ਕੁਸ਼ਾਦ ਸਾਰਾ ਗ਼ਮ ਮਿਟ ਜਾਂਵਦਾ॥ਸੱਦੇ ਪੰਡਿਤ ਸਿਆਨੇ ਅੱਛੇ ਜੋਤਸ਼ੀ ਪੁਰਾਨੇ ਚੰਗੇ ਲਗਨ ਸੁਧਾਨੇ ਨਾਮ ਹਕੀਕਤ ਧਰਾਂਵਦਾ ॥ਆਈ ਸ਼ਹਿਰ ਦੀ ਲੁਕਾਈ ਓਨਾਂ ਦਿੱਤੀ ਸੀ ਬਧਾਈ ਬਾਗਮੱਲ ਦਿਲ ਆਈ ਇਕ ਬਾਤ ਜੋ ਸੁਨਾਉਂਦਾ ॥ ਗੰਗਾਰਾਮ ਮੈਂ ਸੁਹਾਧਾ ਰੱਬ ਜੱਗ ਮੈਂ ਮਿਲਾਇਆ ਅੱਜ ਲੋਕ ਮੇਰੇ ਆਧਾ ਜੱਗ ਸੁਫਲ ਸਦਾਉਂਦਾ ॥ ਡੇਉਢ ॥ ਚੇਤਰ ਚਤਰ ਨਾਰ ਸਭ ਮਿਲਕੇ ਲਗੀਂ ਸੋਹਿਲੇ ਗਾਵਨ ਜੋ ਦਿਲ ਆਵਨ ॥ ਭੁੱਟ ਬ੍ਰਾਹਮਣ ਕਰਨ ਓਸਤਤਾਂ ਜੈ ਜੈਕਾਰ ਬੁਲਵਾਨ ਜ਼ਰ ਲੈ ਜਾਵਨ ॥ ਦਿਨ ਤੇਰਾਂ ਜਬ

ਗੁਜ਼ਰਗਏ ਹੈਂ ਸ਼ੁਰੂ ਧਮਾਨ ਕਰਾਵਨ ਹਰਖ ਵਧਵਾਨ॥ ਗੰਗਾ ਰਾਮ ਕਰ ਸਤ ਪਕਵਾਨੀ ਅੰਦਰ ਸ਼ਹਿਰ ਵੰਡਾਵਨ ਸ਼ੁਕਰ ਮਨਾਵਨ॥ ਦੋਹਰਾ॥ ਬਰਸ ਦਿਨ ਜਬ ਗੁਜ਼ਰਿਆ ਮਾਤਾ ਕੌਰਾਂ ਚਾਇ॥ ਬਨਾ ਚੰਡੋਲ ਸੁਵਰਨ ਦਾ ਰੇ ਸ਼ਮਡੋਰਾਂ ਪਾਇ॥ ਵਿੱਚ ਧਰਮੀ ਬਿਠਲਾਇਆ ਸੁੰਦਰ ਸ਼ਗਨ ਮਨਾਇ॥ ਇੰਦਰ ਦੀਆਂ ਅਪੱਛਰਾਂ ਝੂਟੇ ਦੇਵਨ ਆਇ॥ ਕਬਿੱਤ॥ ਜਬ ਬੀਤੇ ਦੋ ਬਰਸ ਕੌਰਾਂ ਕਹਿੰਦੀ ਹਸ ਰਸ ਮੈਂ ਭਾਂ ਲੀਤਾ ਹੀ ਤਰਸ ਸਾਰੀ ਉਮਰਾ ਵਿਹਾਇਕੇ॥ ਗਲ ਸੋਸਨੀ ਹੈ ਝੱਗਾ ਉੱਭੇ ਸਜ ਰਹਿਆ ਭੱਗਾ ਮਾਤਾ ਕੌਰਾਂ ਨੂੰ ਪਿਯਾਰਾ ਲੱਗਾ ਛਾਤੀ ਨਾਲ ਲਾਇਕੇ॥ ਜਬ. ਬੀਤੇ ਵਰ੍ਹੇ ਤੀਨ ਮੁਖ ਸੋਹੇ ਰਸ ਭੀਨ ਸੈਨ ਸੁੰਦਰ ਸੇ ਮੀਨ ਬਾਤ ਕਰੇ ਥਥਲਾਇਕੇ॥ ਅਬ ਕਹੇ ਗੰਗਾ ਰਾਮ ਜਿਉਂ ਜਸ਼ੋਧਾ ਘਰ ਸ਼ਾਮ ਮਿਟੀ ਕੌਰਾਂ ਤਨ ਘਾਮ ਤਜੋ ਹਕੀਕਤ ਖੜਾ-ਇਕੇ॥ ਡੇਉਢ ॥ ਪਾਂਚ ਬਰਸ ਕਾ ਹੋਇਆ ਧਰਮੀ ਨਾਲ ਬਾਪ ਦੇ ਜਾਵੇ ਸ਼ੋਕ ਮਿਟਾਵੇ॥ ਜਾਇ ਕਚੈਹਰੀ ਭੁਲਿਆਂ ਦੀਦੇ ਦਸਤੀ ਸੀਸ ਨਿਵਾਵੇ ਹਿਤ ਹਰਖਾਵੇ॥ ਸਾਤ ਬਰਸ ਦੇ ਧਰਮੀ ਨੂੰ ਜੀ ਪੜਨ ਮੁੱਲਾਂ ਦੇ ਪਾਵੇ ਸ਼ੁਕਰ ਮਨਾਵੇ॥ ਗੰਗਾ ਰਾਮ ਕਿਧਾ ਦੇਸ਼ ਕਿਸੀ ਨੂੰ ਹੋਣੀ ਦਸਤ ਉਠਾਵੇ ਬੰਨ੍ਹ ਕੇ ਦਾਵੇ॥ ਦੋਹਰਾ ॥ ਮੁੰਡੇ ਪੜ੍ਹਨ ਮਸੀਤ ਵਿੱਚ ਸਈਯਦ ਮੁਗ਼ਲ ਪਠਾਨ॥ ਸ਼ੇਖ ਕਰੈਸ਼ੀ ਕਾਸਬੀ ਤੇਲੀ ਔਰ ਤਰਖਾਨ॥ ਖੱਤ੍ਰੀ ਬ੍ਰਹਮਣ ਜੱਟ ਡੋਗਰਾ ਝੀਵਰ ਔਰ ਲੁਹਾਰ॥ ਗੰਗਾ ਰਾਮ ਕਈ ਹੋਰ ਭੀ ਬਾਲਕ ਪੜਨ ਹਜ਼ਾਰ॥ ਕਬਿੱਤ ॥

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.